ਡਿਜ਼ੀਟਲ ਦੋਮਾਹੀ ਪੱਤਰ ਅੰਕ : 1 ਨੰ:9 ( ਨਵੰਬਰ-ਦਸੰਬਰ 2021)

www.gadvasu.in



# ਪਸ਼ੂ ਪਾਲਣ ਸੁਨੇਹੇ

## ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ (ਪੰਜਾਬ)

Vol. 1 No. 9 ( November-December 2021) ‘ PASHU PALAN SUNEHE’

**ਸੰਪਾਦਕੀ ਬੋਰਡ**

**ਚੇਅਰਮੈਨ :**
ਡਾ. ਪ੍ਰਕਾਸ਼ ਸਿੰਘ ਬਰਾੜ

ਨਿਰਦੇਸ਼ਕ ਪਸਾਰ ਸਿੱਖਿਆ

**ਮੈਂਬਰ :**
ਡਾ. ਸੁਰੇਸ਼ ਕੁਮਾਰ ਕਾਂਸਲ
ਡਾ. ਮੀਰਾ ਡੀ ਆਂਸਲ
ਡਾ. ਪ੍ਰਲਾਦ ਸਿੰਘ ਤੰਵਰ
ਡਾ. ਐੱਸ ਸਿਵਾ ਕੁਮਾਰ

**ਸੰਪਾਦਕ :**
ਡਾ. ਰਾਕੇਸ਼ ਕੁਮਾਰ ਸ਼ਰਮਾ
ਡਾ. ਜਸਵਿੰਦਰ ਸਿੰਘ
ਡਾ. ਹਰਪ੍ਰੀਤ ਸਿੰਘ

**ਸੰਪਰਕ :**
ਨਿਰਦੇਸ਼ਾਲਾ ਪਸਾਰ ਸਿੱਖਿਆ
ਗੁਰੂ ਅੰਗਦ ਦੇਵ ਵੈਟਨਰੀ ਅਤੇ
ਐਨੀਮਲ ਸਾਇੰਸਜ਼
ਯੂਨੀਵਰਸਿਟੀ, ਲੁਧਿਆਣਾ

0161-2553364
deegadvasuldh@gmail.com

Visit & Subscribe – YouTube channel
Gadvasu farmer friendly e-extension

## ਲਵੇਰੀਆਂ ਦੀ ਓਜਰੀ ਸਬੰਧੀ ਕੁੱਝ ਜਾਣਕਾਰੀ

ਉਗਾਲੀ ਕਰਨ ਵਾਲੇ ਪਸ਼ੂਆਂ (ਮੱਝ, ਗਾਂ, ਭੇਡ, ਬੱਕਰੀ ਆਦਿ) ਦੇ ਢਿੱਡ ਦੇ ਚਾਰ ਹਿੱਸੇ ਹੁੰਦੇ ਹਨ। ਇਹਨਾਂ ਵਿਚੋਂ ਸਭ ਤੋਂ ਵੱਡਾ ਹਿੱਸਾ ਹੁੰਦਾ ਹੈ-ਓਜਰੀ।

- ਓਜਰੀ ਦਾ ਵਜ਼ਨ ਲਵੇਰੀ ਦੇ ਸਰੀਰ ਦਾ ਲੱਗਭਗ 1/7-1/10ਵਾਂ ਹਿੱਸਾ ਹੁੰਦਾ ਹੈ।
- ਲਵੇਰੀਆਂ ਦੀ ਓਜਰੀ ਦਾ ਤਾਪਮਾਨ 38-40°C ਹੁੰਦਾ ਹੈ ਜਦਕਿ ਉਹਨਾਂ ਦਾ ਸਰੀਰਕ ਤਾਪਮਾਨ 101°F ਹੁੰਦਾ ਹੈ।
- ਓਜਰੀ ਦੇ ਅੰਦਰੂਨੀ ਵਾਤਾਵਰਣ ਵਿਚ ਕੋਈ ਆਕਸੀਜਨ ਨਹੀਂ ਹੁੰਦੀ ਯਾਨੀ ਕਿ ਇਸ ਅੰਦਰ ਹੋਣ ਵਾਲੀਆਂ ਸਾਰੀਆਂ ਕਿਰਿਆਵਾਂ ਆਕਸੀਜਨ ਦੀ ਅਣਹੋਂਦ ਵਿਚ ਹੀ ਨੇਪਰੇ ਚੜਦੀਆਂ ਹਨ।
- ਓਜਰੀ ਵਿਚ ਮੌਜੂਦ ਮਾਦਾ ਹਲਕਾ ਜਿਹਾ ਤੇਜ਼ਾਬੀ ਹੁੰਦਾ ਹੈ ਯਾਨੀ ਕਿ ਇਸਦੀ pH 6.7 ਹੁੰਦੀ ਹੈ।
- ਓਜਰੀ ਵਿਚ ਕਰੋੜਾਂ ਦੀ ਗਿਣਤੀ ਵਿਚ ਵੱਖ ਵੱਖ ਕਿਸਮ ਦੇ ਜਰਾਸੀਮ ਹੁੰਦੇ ਹਨ ਜੋ ਕਿ ਪੱਠਿਆਂ ਨੂੰ ਹਜ਼ਮ ਕਰਨ ਵਿਚ ਮੱਦਦ ਕਰਦੇ ਹਨ। ਇਹ ਸਾਰੇ ਜਰਾਸੀਮ ਆਕਸੀਜਨ ਦੀ ਅਣਹੋਂਦ ਵਿਚ ਅਤੇ ਖਾਸ ਤਾਪਮਾਨ ਉੱਪਰ ਹੀ ਜਿੰਦਾ ਰਹਿ ਸਕਦੇ ਹਨ।ਲਵੇਰੀ ਜਦੋਂ ਪਾਣੀ ਪੀਂਦੀ ਹੈ ਤਾਂ ਓਜਰੀ ਦਾ ਅੰਦਰੂਨੀ ਤਾਪਮਾਨ ਘੱਟ ਜਾਂਦਾ ਹੈ। ਇਹਨਾਂ ਜਰਾਸੀਮ ਵਿਚ ਇਸ ਘਟੇ ਹੋਏ ਤਾਪਮਾਨ ਨੂੰ ਸਹਿਣ ਕਰਨ ਦੀ ਸ਼ਕਤੀ ਹੁੰਦੀ ਹੈ।
- ਜਰਾਸੀਮ ਦੁਆਰਾ ਪੱਠਿਆਂ ਨੂੰ ਹਜ਼ਮ ਕਰਨ ਉਪਰੰਤ ਬਹੁਤ ਜਿਆਦਾ ਮਾਤਰਾ ਵਿਚ ਤਿੰਨ ਕਿਸਮ ਦੇ ਉਡਨਸ਼ੀਲ ਤੇਜਾਬ ਪੈਦਾ ਹੁੰਦੇ ਹਨ। ਇਹਨਾਂ ਤੇਜਾਬਾਂ ਦੀ ਬਦੌਲਤ ਓਜਰੀ ਦੀ pH ਕਾਫੀ ਘੱਟ ਜਾਂਦੀ ਹੈ।ਜਦੋਂ ਲਵੇਰੀ ਉਗਾਲੀ ਕਰਦੀ ਹੈ ਤਾਂ ਬਹੁਤ ਜਿਆਦਾ ਮਾਤਰਾ ਵਿਚ ਥੁੱਕ ਪੈਦਾ ਹੁੰਦਾ ਹੈ।ਇਸ ਥੁੱਕ ਵਿਚ ਮਿੱਠਾ ਸੋਢਾ ਹੁੰਦਾ ਹੈ ਜੋ ਕਿ ਓਜਰੀ ਦੀ ਘਟੀ ਹੋਈ pH ਨੂੰ ਫਿਰ ਵਧਾ ਦਿੰਦਾ ਹੈ।
- ਓਜਰੀ ਵਿਚ ਪੈਦਾ ਹੋਏ ਉਡਨਸ਼ੀਲ ਤੇਜਾਬ ਖੂਨ ਵਿਚ ਜ਼ਜ਼ਬ ਹੋਣ ਉਪਰੰਤ ਲਵੇਰੀ ਦੀਆਂ ਵੱਖ ਵੱਖ ਲੋੜਾਂ ਲਈ ਵਰਤੇ ਜਾਂਦੇ ਹਨ।
- ਓਜਰੀ ਅੰਦਰ ਮੌਜੂਦ ਮਾਸਪੇਸ਼ੀਆਂ ਦੀ ਹਰਕਤ ਕਾਰਣ ਇਹ ਲੱਗਭਗ ਹਰੇਕ ਮਿੰਟ ਸੁੰਗੜਦੀ ਰਹਿੰਦੀ ਹੈ।ਇਸ ਸੁੰਗੜਨ ਵਾਲੀ ਕਿਰਿਆ ਕਾਰਣ ਇਸ ਵਿਚ ਮੌਜੂਦ ਪੱਠੇ, ਜਰਾਸੀਮ, ਤੇਜਾਬ, ਥੁੱਕ ਅਤੇ ਹੋਰ ਮਾਦਾ ਆਪਸ ਵਿਚ ਚੰਗੀ ਤਰ੍ਹਾਂ ਰਲ ਜਾਂਦੇ ਹਨ।
- ਜਿਆਦਾ ਮਾਤਰਾ ਵਿਚ ਆਨਾਜ, ਗੁੱੜ, ਸੇਬ ਆਦਿ ਖਾਣ ਨਾਲ ਬਹੁਤ ਜਿਆਦਾ ਮਾਤਰਾ ਵਿਚ ਤੇਜਾਬ ਬਣਦਾ ਹੈ।ਇਹ ਸਾਰਾ ਤੇਜਾਬ ਖੂਨ ਵਿਚ ਜ਼ਜ਼ਬ ਨਹੀਂ ਹੋ ਪਾਂਦਾ। ਸਿੱਟੇ ਵਜੋਂ ਇਹ ਓਜਰੀ ਵਿਚ ਹੀ ਇਕੱਠਾ ਹੋਈ ਜਾਂਦਾ ਹੈ।ਇਸ ਤੇਜਾਬ ਦੀ ਬਦੌਲਤ ਲਵੇਰੀ ਬਦਹਜ਼ਮੀ ਦਾ ਸ਼ਿਕਾਰ ਹੋ ਜਾਂਦੀ ਹੈ।ਓਜਰੀ ਦੀ ਹਲਚੱਲ ਖਤਮ ਹੋ ਜਾਂਦੀ ਹੈ ਅਤੇ ਲਵੇਰੀ ਪੱਠੇ ਖਾਣਾ ਘਟਾ ਦਿੰਦੀ ਹੈ ਜਾਂ ਬਿਲਕੁੱਲ ਹੀ ਨਹੀਂ ਖਾਂਦੀ। ਸ਼ੁਰੂ ਵਿਚ ਮੋਕ ਅਤੇ ਬਾਅਦ ਵਿਚ ਅਕਸਰ ਸੁੱਡਾ ਪੈ ਜਾਂਦਾ ਹੈ।


**ਡਾ. ਰਾਕੇਸ਼ ਕੁਮਾਰ ਸ਼ਰਮਾਂ**

# ਫੀਤਾ ਕਿਰਮ ਰੋਗ

ਫੀਤਾ ਕਿਰਮ ਮਨੁੱਖ ਦੀ ਆਂਤ ਵਿੱਚ ਜੁੜ ਕੇ ਰਹਿੰਦਾ ਹੈ। ਕਿਰਮ ਦੇ ਟੋਟੇ/ਆਂਡੇ ਮਨੁੱਖ ਦੇ ਮਲ ਰਾਹੀਂ ਬਾਹਰ ਆਉਂਦੇ ਹਨ। ਇਸ ਤਰ੍ਹਾਂ ਆਂਡੇ ਵਾਤਾਵਰਣ ਜਿਵੇਂ ਕਿ ਮਿੱਟੀ, ਪਾਣੀ, ਸਬਜ਼ੀਆਂ, ਫਲਾਂ ਆਦਿ ਨੂੰ ਦੂਸ਼ਿਤ ਕਰਦੇ ਹਨ। ਅਵਾਰਾ ਸੂਰ ਆਪਣਾ ਭੋਜਨ ਗੰਦ ਆਦਿ ਖਾ ਕੇ ਹੀ ਕਰਦੇ ਹਨ। ਅਜਿਹਾ ਭੋਜਨ ਜਾਂ ਪਾਣੀ ਜੇਕਰ ਫੀਤਾ ਕਿਰਮ ਦੇ ਆਡਿਆਂ ਨਾਲ ਦੂਸ਼ਿਤ ਹੋਵੇ ਤਾਂ ਆਂਡੇ ਸੂਰ ਦੀ ਭੋਜਨ-ਨਾਲੀ ਵਿੱਚ ਚਲੇ ਜਾਂਦੇ ਹਨ ਅਤੇ ਖੂਨ ਰਾਹੀਂ ਮਾਸਪੇਸ਼ੀਆਂ ਅਤੇ ਅੰਦਰੂਨੀ ਅੰਗਾਂ ਵਿੱਚ ਪਹੁੰਚ ਜਾਂਦੇ ਹਨ। ਮਾਸਪੇਸ਼ੀਆਂ ਅਤੇ ਅੰਦਰੂਨੀ ਅੰਗਾਂ ਵਿੱਚ ਆਂਡੇ ਤੋਂ ਲਾਰਵਾ ਬਣਦਾ ਹੈ ਜਿਸਨੂੰ 'ਸਿਸਟ' ਕਹਿੰਦੇ ਹਨ । ਅਜਿਹਾ ਲਾਰਵੇ ਜਾਂ ਸਿਸਟ ਵਾਲੇ ਸੂਰ ਦੇ ਕੱਚੇ ਜਾਂ ਅੱਧ ਪੱਕੇ ਮਾਸ ਨੂੰ ਜੇਕਰ ਮਨੁੱਖ ਖਾ ਲਵੇ ਤਾਂ ਉਸਦੀ ਆਂਤ ਵਿੱਚ ਜਾ ਕੇ ਲਾਰਵੇ ਤੋਂ ਫੀਤਾ ਕਿਰਮ ਬਣ ਜਾਂਦਾ ਹੈ। ਪਰ ਇਹ ਪਰਜੀਵੀ ਮਨੁੱਖ ਲਈ ਹੋਰ ਵੀ ਹਾਨੀਕਾਰਕ ਉਦੋਂ ਹੁੰਦਾ ਹੈ ਜੇਕਰ ਇਸਦੇ ਆਂਡੇ ਪਾਣੀ, ਫਲਾਂ ਜਾਂ ਸਬਜ਼ੀਆਂ ਰਾਹੀਂ ਮਨੁੱਖੀ ਸਰੀਰ ਵਿੱਚ ਚਲੇ ਜਾਣ ਕਿਉਂਕਿ ਅਜਿਹੀ ਹਾਲਤ ਵਿੱਚ ਆਂਡੇ ਤੋਂ ਲਾਰਵਾ ਬਣੇਗਾ। ਕਿਰਮ ਦਾ ਲਾਰਵਾ ਦਿਮਾਗ ਤੇ ਪ੍ਰਭਾਵ ਕਰਦਾ ਹੈ।




## ਮਨੁੱਖ ਵਿਚ ਸਿਸਟੀਸਰਕੋਸਿਸ ਰੋਗ



## ਮਨੁੱਖ ਵਿੱਚ ਲੱਛਣ


**1 ਫੀਤਾ ਕਿਰਮ ਰੋਗ**

ਦਸਤ
ਪੇਟ ਦਰਦ
ਕਮਜ਼ੋਰੀ
ਭੁੱਖ ਨਾ ਲੱਗਣੀ



**2 ਸਿਸਟੀਸਰਕੋਸਿਸ**

ਅੱਖਾਂ ਦੀ ਰੋਸ਼ਨੀ ਘਟਣਾ
ਧੁੰਧਲਾਪਨ ਹੋਣਾ
ਸਿਰ ਦਰਦ
ਦੌਰੇ ਪੈਣਾ
ਬੇਹੋਸ਼ੀ




ਮਨੁੱਖੀ ਦਿਮਾਗ ਵਿਚ ਸਿਸਟ

## ਬਚਾਅ ਅਤੇ ਰੋਕਥਾਮ

- ਮੀਟ ਚੰਗੀ ਤਰਾਂ ਪਕਾ ਕੇ ਖਾਓ।
- ਪਖਾਨਿਆਂ ਦੀ ਵਰਤੋਂ ਕਰੋ।
- ਪਖਾਨਾ ਜਾਣ ਤੋਂ ਬਾਅਦ ਚੰਗੀ ਤਰ੍ਹਾਂ ਹੱਥ ਧੋਵੋ।
- ਸੂਰਾਂ ਨੂੰ ਮਨੁੱਖੀ ਮਲ ਦੇ ਸੰਪਰਕ ਵਿੱਚ ਆਉਣ ਤੋਂ ਬਚਾਓ।
- ਸਬਜ਼ੀਆਂ ਅਤੇ ਫ਼ਲਾਂ ਨੂੰ ਚੰਗੀ ਤ੍ਰਰਾਂ ਧੋ ਕੇ ਖਾਓ।
- ਰੋਗੀ ਵਿਅਕਤੀ ਆਪਣਾ ਇਲਾਜ ਕਰਵਾਉਣ।
- ਸੂਰ ਪਾਲਣ ਜਾਂ ਇਸ ਸਬੰਧੀ ਕਿੱਤੇ ਕਰਨ ਵਾਲਿਆਂ ਨੂੰ ਬਿਮਾਰੀ ਬਾਰੇ ਮੁੱਢਲੀ ਜਾਣਕਾਰੀ ਦੇਣੀ ਚਾਹੀਦੀ ਹੈ।

**ਡਾ. ਰਜਨੀਸ਼ ਸ਼ਰਮਾ ਅਤੇ ਡਾ. ਬੀ ਬੀ ਸਿੰਘ**
**ਸੈਂਟਰ ਫ਼ਾਰ ਵਨ ਹੈਲਥ**

## ਪੰਜਾਬ ਵਿੱਚ ਡੇਅਰੀ ਖੇਤਰ ਦੀ ਸਥਿਤੀ

- ਡੇਅਰੀ ਫਾਰਮਿੰਗ ਪਸ਼ੂਧਨ ਖੇਤਰ ਦਾ ਇੱਕ ਮਹੱਤਵਪੂਰਨ ਹਿੱਸਾ ਹੈ ਕਿਉਂਕਿ ਪਸ਼ੂਧਨ ਖੇਤਰ ਦੀ ਕੁੱਲ ਆਮਦਨ ਦਾ 80 ਪ੍ਰਤੀਸਤ ਤੋ ਵੱਧ ਹਿੱਸਾ ਸਿਰਫ ਦੁੱਧ ਉਤਪਾਦਨ ਤੋ ਆਉਂਦਾ ਹੈ ।
- ਸਾਲ 1997 ਤੱਕ, ਦੁੱਧ ਉਤਪਾਦਨ ਦਾ ਵਾਧਾ ਪਸ਼ੂਆਂ ਦੀ ਗਿਣਤੀ ਵਧਣ ਕਰਕੇ ਸੀ ।
- ਸਾਲ 1993 ਤੋ ਬਾਅਦ, ਮੱਝਾਂ ਅਤੇ ਗਾਂਵਾਂ ਦੀ ਕੁੱਲ੍ਹ ਗਿਣਤੀ ਵਿੱਚ ਗਿਰਾਵਟ ਆਈ ਹੈ ਜਿਸ ਵਿੱਚ ਖਾਸ ਕਰਕੇ ਕੱਟਿਆ, ਵੱਛਿਆ, ਅਣ ਉਤਪਾਦਨ ਪਸ਼ੂਆਂ ਅਤੇ ਦੇਸੀ ਗਾਂਵਾਂ ਦੀ ਗਿਣਤੀ ਕਾਫੀ ਘੱਟੀ ਹੈ ।
- ਪਸ਼ੂਆਂ ਦੀ ਗਿਣਤੀ ਘੱਟਣ ਦੇ ਬਾਵਜੂਦ, ਦੁੱਧ ਦਾ ਉਤਪਾਦਨ ਲਗਾਤਾਰ ਵੱਧ ਰਿਹਾ ਹੈ । ਸਾਲ 2000-01 ਵਿੱਚ 7.71 ਮਿਲੀਅਨ ਟਨ ਤੋ ਵੱਧ ਕੇ ਦੁੱਧ ਉਤਪਾਦਨ ਸਾਲ 2019-20 ਵਿੱਚ 13.35 ਮਿਲਿਅਨ ਟਨ ਤੱਕ 3.78 ਪ੍ਰਤੀਸਤ ਦੀ ਸਲਾਨਾ ਵਾਧਾ ਦਰ ਨਾਲ ਵਧਿਆ ਹੈ ।
- ਦੁੱਧ ਉਤਪਾਦਨ ਵਿੱਚ ਪੰਜਾਬ ਰਾਜ 6ਵੇ ਸਥਾਨ ਤੇ ਹੈ । ਪਹਿਲੇ ਤੇ ਉੱਤਰ ਪ੍ਰਦੇਸ (31.86 ਮਿਲਿਅਨ ਟਨ), ਦੂਜੇ ਤੇ ਰਾਜਸਥਾਨ (25.57 ਮਿਲਿਅਨ ਟਨ), ਤੀਜੇ ਤੇ ਮੱਧ ਪ੍ਰਦੇਸ (17.11 ਮਿਲਿਅਨ ਟਨ), ਚੋਥੇ ਤੇ ਗੁਜਰਾਤ (15.29 ਮਿਲਿਅਨ ਟਨ) ਅਤੇ ਪੰਜਵੇ ਸਥਾਨ ਤੇ ਆਂਧਰਾ ਪ੍ਰਦੇਸ (15.26 ਮਿਲਿਅਨ ਟਨ) ਹੈ ।
- ਭਾਰਤ ਦੇ 198.4 ਮਿਲਿਅਨ ਕੁੱਲ ਦੁੱਧ ਉਤਪਾਦਨ ਦਾ 6.73 ਪ੍ਰਤੀਸ਼ਤ ਪੰਜਾਬ ਦੁਆਰਾ ਪੈਦਾ ਕੀਤਾ ਜਾਂਦਾ ਹੈ ਜਿਸ ਵਿੱਚ ਦੁਧਾਰੂ ਪਸ਼ੂਆਂ ਦੀ ਗਿਣਤੀ ਸਿਰਫ 2.16 ਪ੍ਰਤੀਸਤ ਹੈ ।

- ਪ੍ਰਤੀ ਵਿਅਕਤੀ ਪ੍ਰਤੀ ਦਿਨ ਦੁੱਧ ਉਪਲੱਭਦਤਾ ਵਿੱਚ ਪੰਜਾਬ ਦੇਸ਼ ਭਰ ਵਿੱਚ ਪਹਿਲੇ ਦਰਜੇ ਤੇ ਹੈ (1221 ਗ੍ਰਾਮ ਪ੍ਰਤੀ ਦਿਨ/406 ਗ੍ਰਾਮ ਪ੍ਰਤੀ ਦਿਨ)
- ਸਾਲ 2019-2020 ਦੇ ਕੁੱਲ੍ਹ ਦੁੱਧ ਉਤਪਾਦਨ ਵਿੱਚ ਮੱਝਾਂ, ਕਰਾਸਬ੍ਰੈਡ ਗਾਂਵਾਂ, ਦੇਸੀ ਗਾਂਵਾਂ ਅਤੇ ਬੱਕਰੀਆਂ ਦਾ ਯੋਗਦਾਨ ਕ੍ਰਮਵਾਰ 70.67, 26.34, 2.43 ਅਤੇ 0.56 ਪ੍ਰਤੀਸਤ ਸੀ ।
- ਮੱਝਾਂ ਦੀ ਗਿਣਤੀ ਵਿੱਚ ਗਿਰਾਵਟ ਦੇ ਬਾਵਜੂਦ, ਦੁੱਧ ਉਤਪਾਦਨ ਵਿੱਚ ਮੱਝਾਂ ਦੀ ਹਿੱਸੇਦਾਰੀ ਨਹੀ ਘੱਟੀ ਅਤੇ ਇਹ ਲਗਾਤਾਰ 70 ਪ੍ਰਤੀਸਤ ਤੋ ਜਿਆਦਾ ਹੈ ।
- ਭਾਰਤ ਦੇ ਮੁਕਾਬਲੇ ਪੰਜਾਬ ਵਿੱਚ ਇੱਕ ਦਿਨ ਚ ਮੱਝਾਂ (9.70 ਕਿਲੋ/6.43 ਕਿਲੋ), ਕਰਾਸਬ੍ਰੈਡ ਗਾਂਵਾਂ (13.17 ਕਿਲੋ/8.09 ਕਿਲੋ) ਅਤੇ ਦੇਸੀ ਗਾਂਵਾਂ (7.96 ਕਿਲੋ/3.90 ਕਿਲੋ) ਦੀ ਦੁੱਧ ਉਤਪਾਦਨਤਾ ਕਾਫੀ ਜਿਆਦਾ ਹੈ ।
- ਪੰਜਾਬ ਰਾਜ ਵਿੱਚ ਅਵਾਰਾ ਪਸ਼ੂਆਂ ਦੀ ਗਿਣਤੀ 2012 ਵਿੱਚ 1 ਲੱਖ ਤੋ ਵੱਧ ਕੇ 2019 ਵਿੱਚ 1.40 ਲੱਖ ਹੋ ਗਈ ਜੋ ਕਿ ਇੱਕ ਚਿੰਤਾ ਦਾ ਵਿਸ਼ਾ ਹੈ । ਮੱਝਾਂ ਪਾਲਣ ਦੇ ਢਾਂਚੇ ਵਿੱਚ ਅਵਾਰਾ ਪਸ਼ੂਆਂ ਦੀ ਅਜਿਹੀ ਕੋਈ ਸਮੱਸਿਆਂ ਨਹੀ ਹੈ ।

ਇਸ ਲਈ ਵਿਗਿਆਨਕ ਢੰਗ ਨਾਲ ਮੱਝਾਂ ਪਾਲ ਕੇ ਵਧੀਆ ਦੁੱਧ ਉਤਪਾਦਨ ਕਰਕੇ ਅਤੇ ਦੁੱਧ ਦਾ ਵਧੀਆ ਮੰਡੀਕਰਨ ਕਰਕੇ ਵਧੇਰੇ ਮੁਨਾਫਾ ਕਮਾਇਆ ਜਾ ਸਕਦਾ ਹੈ।

**ਡਾ. ਵਰਿੰਦਰ ਪਾਲ ਸਿੰਘ**
**ਡੇਅਰੀ ਸਾਇੰਸ ਅਤੇ ਤਕਨਾਲੋਜੀ ਕਾਲਜ**

## ਦੁਨੀਆ ਦੇ ਸਭ ਤੋਂ ਤੇਜ਼ ਜਾਨਵਰ

ਸਭ ਤੋਂ ਤੇਜ ਜਾਨਵਰ ਜੰਗਲ ਵਿੱਚ ਆਪਣੇ ਬਚਾਉ ਲਈ ਅਤੇ ਪ੍ਰਫੁੱਲਤ ਹੋਣ ਲਈ ਰਫਤਾਰ ਦੀ ਵਰਤੋਂ ਕਰਦੇ ਹਨ, ਉਹ ਤੇਜ਼ੀ ਨਾਲ ਸ਼ਿਕਾਰ ਦਾ ਪਿੱਛਾ ਕਰਦੇ ਹਨ ਜਾਂ ਸ਼ਿਕਾਰੀਆਂ ਤੋਂ ਬਚ ਜਾਂਦੇ ਹਨ।ਇਹ ਰਿਕਾਰਡ ਤੋੜਨ ਵਾਲੇ ਜਾਨਵਰ ਪੂਰੀ ਦੁਨੀਆ ਵਿੱਚ ਮਿਲਦੇ ਹਨ, ਭਾਵੇਂ ਉਹ ਜ਼ਮੀਨ ਤੇ ਦੌੜ ਰਹੇ ਹੋਣ, ਪਾਣੀ ਵਿਚ ਤੈਰ ਰਹੇ ਹੋਣ ਜਾਂ ਅਸਮਾਨ ਵਿਚ ਉੱਡ ਰਹੇ ਹੋਣ।

- **ਸ਼ੁਤਰਮੁਰਗ: (70 ਕਿਲੋਮੀਟਰ ਪ੍ਰਤੀ ਘੰਟਾ)**

ਸ਼ੁਤਰਮੁਰਗ ਧਰਤੀ ਦੇ ਸਭ ਤੋਂ ਵੱਡੇ ਅਤੇ ਤੇਜ਼ ਪੰਛੀ ਹਨ ਪਰ ਉਹ ਉੱਡਦੇ ਨਹੀਂ।ਸ਼ੁਤਰਮੁਰਗ 9 ਫੁੱਟ ਤੱਕ ਉੱਚੇ ਹੁੰਦੇ ਹਨ ਅਤੇ ਇਕ ਹੀ ਕਦਮ ਵਿੱਚ 10-16 ਫੁੱਟ ਦੂਰ ਜਾ ਸਕਦੇ ਹਨ।ਇਹ ਵਿਸ਼ਾਲ ਪੰਛੀ ਖਤਰੇ ਤੋਂ ਬਚਣ ਲਈ ਆਪਣੀ ਤੇਜੀ ਦੀ ਵਰਤੋਂ ਕਰਦੇ ਹਨ ਜਿਸ ਵਿੱਚ ਸ਼ੇਰ ਵਰਗੇ ਸ਼ਿਕਾਰੀ ਵੀ ਸ਼ਾਮਲ ਹਨ।ਸ਼ੁਤਰਮੁਰਗ ਅਫਰੀਕਾ ਦੇ ਮੌਰੀਤਾਨੀਆ, ਸੇਨੇਗਲ, ਸੋਮਾਲੀਆ, ਤਨਜਾਨੀਆ, ਜ਼ਿੰਬਾਬਵੇ ਆਦਿ ਸਮੇਤ ਅਫਰੀਕਾ ਦੇ ਅਰਧ ਸੁੱਕੇ ਮੈਦਾਨਾ ਅਤੇ ਜੰਗਲਾਂ ਵਿੱਚ ਰਹਿੰਦੇ ਹਨ।

- **ਚੀਤਾ: (112 ਕਿਲੋਮੀਟਰ ਪ੍ਰਤੀ ਘੰਟਾ)**

ਇਹ ਸਭ ਤੋਂ ਤੇਜ਼ ਜਮੀਨੀ ਜਾਨਵਰ ਹਨ ਜੋ ਕਿ 96-112 ਕਿਲੋਮੀਟਰ/ਘੰਟਾ ਦੀ ਉੱਚ ਰਫਤਾਰ ਨਾਲ ਦੌੜਨ ਦੇ ਸਮਰੱਥ ਹਨ।ਅਮਰੀਕਾ ਦੇ ਸਿਨਸਿਨਾਤੀ ਚਿੜੀਆਘਰ ਦੀ ਇਕ ਮਾਦਾ ਚੀਤਾ ਨੂੰ 5.95 ਸਕਿੰਟਾਂ ਵਿਚ 100 ਮੀਟਰ ਦੀ ਸਪ੍ਰਿੰਟ ਦੌੜਦੇ ਹੋਏ ਰਿਕਾਰਡ ਕੀਤਾ ਗਿਆ ਸੀ।ਹੁਣ ਤੱਕ ਦਾ ਸਭ ਤੋਂ ਤੇਜ ਮਨੁੱਖ, ਉਲੰਪਿਕ ਦੌੜਾਕ ਉਸੈਨ ਬੋਲਟ ਨੇ 9.58 ਸਕਿੰਟਾਂ ਵਿੱਚ ਇੰਨੀ ਹੀ ਦੂਰੀ ਤੈਅ ਕਰਨ ਦਾ ਵਿਸ਼ਵ ਰਿਕਾਰਡ ਕਾਇਮ ਕੀਤਾ ਹੈ।ਚੀਤਾ ਉੱਤਰੀ, ਪੂਰਬੀ ਅਤੇ ਦੱਖਣੀ ਅਫਰੀਕਾ ਵਿੱਚ ਰਹਿੰਦੇ ਹਨ, ਏਸ਼ੀਆ ਵਿੱਚ ਈਰਾਨ ਵਿੱਚ ਥੋੜੀ ਜਿਹੀ ਆਬਾਦੀ ਹੈ।

- **ਪ੍ਰੋਂਗਹੋਰਨ: (97 ਕਿਲੋਮੀਟਰ ਪ੍ਰਤੀ ਘੰਟਾ)**

ਪ੍ਰੋਂਗਹੋਰਨਜ਼ ਉੱਤਰੀ ਅਮਰੀਕਾ ਦੇ ਛੋਟੇ, ਖੁਰ ਵਾਲੇ ਥਣਧਾਰੀ ਜੀਵ ਹਨ।ਨੈਸ਼ਨਲ ਵਾਈਲਡ ਲਾਈਫ ਫੈਡਰੇਸ਼ਨ ਦੇ ਅਨੁਸਾਰ, ਅਮਰੀਕਾ ਦੇ ਵਯੋਮਿੰਗ ਰਾਜ ਵਿਚ ਪ੍ਰੋਂਗਹੋਰਨਜ਼ ਖੁਰਾਕ ਦੀ ਭਾਲ ਵਿਚ 483 ਕਿਲੋਮੀਟਰ ਤੱਕ ਦੀ ਯਾਤਰਾ ਕਰ ਸਕਦੇ ਹਨ।

- **ਬ੍ਰਾਜ਼ੀਲੀਅਨ ਫ੍ਰੀ-ਟੇਲਡ ਚਮਗਾਦੜ: (160 ਕਿਲੋਮੀਟਰ ਪ੍ਰਤੀ ਘੰਟਾ)**

ਰਿਕਾਰਡ ਵਿੱਚ ਸਭ ਤੋਂ ਤੇਜ਼ੀ ਨਾਲ ਉੱਡਣ ਵਾਲਾ ਜਾਨਵਰ ਪੰਛੀ ਨਹੀਂ ਸਗੋਂ ਇਕ ਥਣਧਾਰੀ ਹੈ।ਜਰਨਲ ਰਾਇਲ ਸੋਸਾਇਟੀ ਉਪਨ ਸਾਇੰਸ ਵਿੱਚ ਪ੍ਰਕਾਸ਼ਤ 2016 ਦੇ ਇਕ ਅਧਿਐਨ ਵਿੱਚ ਬ੍ਰਾਜ਼ੀਲੀਅਨ ਫ੍ਰੀ-ਟੇਲਡ ਚਮਗਾਦੜਾਂ ਦੀ ਉਡਾਨ ਦਰਜ ਹੈ, ਅਧਿਐਨ ਵਿੱਚ ਮਾਦਾ ਚਮਗਾਦੜਾਂ ਦਾ ਵੀ ਪਤਾ ਲੱਗਿਆ ਜਿਨ੍ਹਾਂ ਦਾ ਭਾਰ ਸਿਰਫ 11-12 ਗ੍ਰਾਮ ਦੇ ਦੁਆਲੇ ਸੀ।ਇਹ ਚਮਗਾਦੜ ਸਿਰਫ ਬ੍ਰਾਜ਼ੀਲ ਵਿੱਚ ਹੀ ਨਹੀਂ ਮਿਲਦੇ ਜਿਵੇਂ ਕਿ ਉਨ੍ਹਾਂ ਦੇ ਨਾਮ ਤੋਂ ਪਤਾ ਲੱਗਦਾ ਹੈ। 'ਇੰਟਰਨੈਸ਼ਨਲ ਯੂਨੀਅਨ ਫਾਰ ਕੰਜਰਵੇਸ਼ਨ ਆਫ ਨੇਚਰ' ਦੇ ਅਨੁਸਾਰ, ਉਹ ਦੱਖਣੀ ਅਮਰੀਕਾ ਦੇ ਅਰਜਨਟੀਨਾ ਅਤੇ ਚਿਲੀ ਤੋਂ ਲੈ ਕੇ ਸੰਯੁਕਤ ਰਾਜ ਅਮਰੀਕਾ ਵਿੱਚ ਵੀ ਮਿਲਦੇ ਹਨ।

- **ਗੋਲਡਨ ਇੱਲ: (322 ਕਿਲੋਮੀਟਰ ਪ੍ਰਤੀ ਘੰਟਾ)**

ਗੋਲਡਨ ਇੱਲਾਂ ਉੱਤਰੀ ਅਮਰੀਕਾ ਦੇ ਸਭ ਤੋਂ ਵੱਡੇ ਪੰਛੀਆਂ ਵਿਚੋਂ ਇੱਕ ਹਨ, ਜਿਨ੍ਹਾਂ ਦੇ ਖੰਭਾਂ ਦੀ ਲੰਬਾਈ 7 ਫੁੱਟ ਤੋਂ ਵੀ ਵੱਧ ਹੈ।ਉਹ ਆਪਣੇ ਵੱਡੇ ਆਕਾਰ ਦੇ ਬਾਵਜੂਦ ਤੇਜੀ ਨਾਲ ਉੱਡਦੇ ਹਨ ਅਤੇ ਹਵਾਈ ਗੋਤਾਖੋਰੀ ਦੌਰਾਨ ਉਨ੍ਹਾਂ ਦੀ ਗਤੀ ਸਿਖਰ ਤੇ ਹੁੰਦੀ ਹੈ।'ਇੰਟਰਨੈਸ਼ਨਲ ਯੂਨੀਅਨ ਫਾਰ ਕੰਜਰਵੇਸ਼ਨ ਆਫ ਨੇਚਰ' ਦੇ ਅਨੁਸਾਰ, ਉਨ੍ਹਾਂ ਦੇ ਨਿਵਾਸ ਦਾ ਦਾਇਰਾ ਉੱਤਰੀ ਅਮਰੀਕਾ, ਯੂਰਪ, ਅਫਰੀਕਾ ਅਤੇ ਏਸ਼ੀਆ ਵਿੱਚ ਫੈਲਿਆ ਹੋਇਆ ਹੈ।

- **ਪੇਰੇਗ੍ਰੀਨ ਬਾਜ਼: (354 ਕਿਲੋਮੀਟਰ ਪ੍ਰਤੀ ਘੰਟਾ)**

ਪੇਰੇਗ੍ਰੀਨ ਬਾਜ਼ ਦੁਨੀਆ ਦੇ ਸਭ ਤੋਂ ਤੇਜ ਜਾਨਵਰ ਹਨ ਅਤੇ ਜਦੋਂ ਉਹ ਹਵਾ'ਚ ਗੋਤਾਖੋਰੀ ਕਰਦੇ ਸਮੇਂ ਦੂਜੇ ਪੰਛੀਆਂ ਦਾ ਸ਼ਿਕਾਰ ਕਰਦੇ ਹਨ ਤਾਂ ਉਨ੍ਹਾਂ ਦੀ ਗਤੀ 354 ਕਿਲੋਮੀਟਰ/ਘੰਟਾ ਤੱਕ ਪਹੁੰਚ ਜਾਂਦੀ ਹੈ।ਪਰੰਤੂ ਉਨ੍ਹਾਂ ਦੀ ਨਿਯਮਤ ਯਾਤਰਾ ਦੀ ਗਤੀ 64-97 ਕਿਲੋਮੀਟਰ ਪ੍ਰਤੀ ਘੰਟਾ ਦੇ ਵਿਚਕਾਰ ਹੁੰਦੀ ਹੈ।ਨੈਸ਼ਨਲ ਵਾਈਲਡ ਲਾਈਫ ਫੈਡਰੇਸ਼ਨ ਦੇ ਅਨੁਸਾਰ, ਇਹ ਅੰਟਾਰਟੀਕਾ ਨੂੰ ਛੱਡ ਕੇ ਹਰ ਮਹਾਂਦੀਪ ਵਿੱਚ ਪਾਏ ਜਾ ਸਕਦੇ ਹਨ।

**ਮਧੂ ਸ਼ੈਲੀ, ਪਸਾਰ ਵਿਗਿਆਨੀ,**
**ਪੀ.ਏ.ਯੂ**

## ਹਰੇ ਚਾਰੇ ਦਾ ਅਚਾਰ ਬਣਾਉਣਾ

- ਹਰਾ ਚਾਰਾ ਪਸ਼ੂਆਂ ਦੀ ਕੁਦਰਤੀ ਖੁਰਾਕ ਹੋਣ ਕਰਕੇ ਇਸ ਧੰਦੇ ਦਾ ਹਮੇਸ਼ਾ ਤੋਂ ਹੀ ਅਨਿਖੱੜਵਾਂ ਅੰਗ ਰਿਹਾ ਹੈ। ਅਜੋਕੇ ਸਮੇਂ ਵਿੱਚ ਜੰਗਲ ਤੇ ਚਾਰਗਾਹ ਦੀ ਘੱਟਦੀ ਹੋਦ ਨੇ ਪਸ਼ੂ ਪਾਲਕਾਂ ਨੂੰ ਹਰੇ ਚਾਰੇ ਲਈ ਪੂਰੀ ਤਰ੍ਹਾਂ ਬੀਜੇ ਹੋਏ ਪੱਠਿਆਂ ਤੇ ਨਿਰਭਰ ਕਰ ਦਿੱਤਾ ਹੈ।
- ਇਹ ਪੱਠੇ ਸਭ ਤੋਂ ਪਹਿਲਾਂ ਤਾਂ ਪਸ਼ੂ ਦਾ ਢਿੱਡ ਭਰਦੇ ਹਨ ਜੋ ਕਿ ਪਸ਼ੂ ਨੂੰ ਮਾਨਸਿਕ ਸੰਤੁਸ਼ਟੀ ਦਿੰਦਾ ਹੈ।

- ਇਸ ਦਾ ਨਾਲ ਇਹ ਰੁਮਨ/ਔਜਰੀ ਵਿਚਲੀ ਖਮੀਰੀ ਕਰਨ ਦੀ ਪ੍ਰਕਿਰਿਆ ਨੂੰ ਦਰੁਸਤ ਰੱਖਦੇ ਹਨ।
- ਦੁੱਧ ਵਿੱਚ ਫੈਟ ਦੀ ਮਾਤਰਾ ਸਹੀ ਰੱਖਦੇ ਹਨ।ਵਧੇਰੇ ਵੰਡ ਦੁਆਰਾ ਹੋਣ ਵਾਲੇ ਤੇਜਾਬੀਕਰਨ ਨੂੰ ਰੋਕਦੇ ਹਨ।ਕਬਜਨਾਸ਼ਕ ਹੁੰਦੇ ਹਨ।
- ਵਿਟਾਮਿਨਾਂ ਦੀ ਜਰੂਰਤ ਪੂਰੀ ਕਰਦੇ ਹਨ।
- ਇਹ ਪੱਠੇ ਜੁਗਾਲੀ ਕਰਨ ਦੀ ਕਿਰਿਆ ਨੂੰ ਵਧਾਉਂਦੇ ਹਨ ਜਿਸ ਨਾਲ ਮੂੰਹ ਵਿਚਲਾ ਰਸਾਇਣ (ਥੁੱਕ) ਜ਼ਿਆਦਾ ਨਿਕਲਦਾ ਹੈ ਜੋ ਕਿ ਰੁਮਨ(ਮਿਹਦਾ) ਨੂੰ ਅਨੁਕੂਲ ਸਥਿਤੀ ਵਿੱਚ ਰੱਖਦਾ ਹੈ ਤੇ ਤੇਜਾਬੀਕਰਨ ਹੋਣ ਤੋਂ ਰੋਕਦਾ ਹੈ।
- ਕੁਤਰੇ ਹੋਏ ਹਰੇ ਚਾਰੇ ਪਸ਼ੂ ਦੇ ਪਹਿਲੇ ਮਿਹਦੇ ਵਿਚ ਇਕ ਜਾਲ ਬਣਾ ਲੈਂਦੇ ਹਨ ਜਿਹੜੇ ਅਣਪਚੀ ਖੁਰਾਕ ਨੂੰ ਅੱਗੇ ਜਾਣ ਤੋਂ ਰੋਕਦੇ ਹਨ ।
- ਇਹ ਹਰੇ ਚਾਰੇ ਮਿਹਦੇ ਦੀਆਂ ਕੰਧਾ ਨੂੰ ਖੁਰਚ ਕੇ ਖੁਰਾਕੀ ਤੱਤਾ ਦੇ ਜ਼ਜ਼ਬ ਹੋਣ ਦੀ ਦਰ ਨੂੰ ਵਧਾਉਂਦੇ ਹਨ ਤੇ ਪਸ਼ੂ ਨੂੰ ਤੰਦਰੁਸਤ ਰੱਖਦੇ ਹਨ ਤੇ ਦੁੱਧ ਉਤਪਾਦਨ ਵਿਚ ਵਾਧਾ ਕਰਦੇ ਹਨ।

ਇਸ ਲਈ ਇਹ ਜਰੂਰੀ ਹੋ ਜਾਂਦਾ ਹੈ ਕਿ ਇਹਨਾਂ ਬੇਜੁਬਾਨਾਂ ਨੂੰ ਸਾਰਾ ਸਾਲ ਇਹਨਾਂ ਦੀ ਕੁਦਰਤੀ ਖੁਰਾਕ 'ਹਰਾ ਚਾਰਾ' ਦਿੱਤੀ ਜਾਵੇ। ਆਮ ਤੋਰ ਤੇ ਕਿਸਾਨ ਭਰਾ ਸਾਰੇ ਪੱਠੇ ਇਕੋ ਵਾਰ ਬੀਜ ਦਿੰਦੇ ਨੇ ਤੇ ਜਦੋ ਇਸ ਨੂੰ ਕਟਣਾ ਸ਼ੁਰੂ ਕਰਦੇ ਨੇ ਤਾ ਇਹ ਜਿਆਦਾਤਰ ਪੱਕ ਚੁਕੇ ਹੁੰਦੇ ਨੇ, ਇਥੇ ਇਹ ਗੱਲ ਦੱਸਣ ਯੋਗ ਹੈ ਕਿ ਜਿਵੇ-2 ਪੱਠੇ ਪਕਦੇ ਜਾਣਗੇ ਉਵੇ-2 ਉਨ੍ਹਾਂ ਵਿੱਚ ਰੇਸ਼ੇ ਦੀ ਮਾਤਰਾਂ ਵੱਧਦੀ ਜਾਵੇਗੀ ।ਇਸ ਨਾਲ ਇਨ੍ਹਾਂ ਦੀ ਹਜ਼ਮ ਹੋਣ ਦੀ ਪ੍ਰਤੀਸ਼ਤਾ ਵੀ ਘੱਟਦੀ ਜਾਵੇਗੀ।ਇਹ ਵੇਖਿਆ ਗਿਆ ਹੈ ਕਿ ਪੰਜਾਬ ਵਿੱਚ ਆਮ ਤੌਰ ਤੇ ਮਈ ਜੂਨ ਤੇ ਨਵੰਬਰ ਦਸੰਬਰ ਦੇ ਮਹੀਨਿਆ ਵਿੱਚ ਹਰੇ ਚਾਰੇ ਦੀ ਤੋੜ ਆ ਜਾਂਦੀ ਹੈ।ਜਿਸ ਦੌਰਾਨ ਪਸ਼ੂ ਪਾਲਕ ਸਿਰਫ ਤੂੜੀ ਜਾਂ ਤੂੜੀ ਤੇ ਵੰਡ ਰਲਾ ਕੇ ਖੁਵਾਉਂਦਾ ਹੈ ਜਿਸ ਨਾਲ ਪਸ਼ੂਆਂ ਵਿੱਚ ਕਈ ਪ੍ਰਕਾਰ ਦੀਆਂ ਮੁਸ਼ਕਲਾਂ ਜਿਵੇਂ ਕਿ ਬੰਨ ਪੈਣਾ, ਕਬਜ ਹੋਣਾ, ਦੁੱਧ ਘੱਟਣਾ ਆਦਿ ਹੋ ਜਾਂਦੀਆ ਹਨ ਜੋ ਕਿ ਪਸ਼ੂ ਪਾਲਕ ਦੀ ਆਰਥਿਕਤਾ ਨੂੰ ਖੋਰਾ ਲਾਉਂਦੀਆਂ ਨੇ। ਸੋ ਜਾਂ ਤਾਂ ਚਾਰੇ ਨੂੰ ਇਸ ਤਰ੍ਹਾਂ ਬੀਜਿਆ ਜਾਵੇ ਕਿ ਇੱਕ ਤਾ ਪੱਕਣ ਤੋ ਪਹਿਲਾਂ ਹੀ ਉਸ ਦੀ ਕਟਾਈ ਹੋ ਜਾਵੇ ਤੇ ਦੂਜਾ ਸਾਰਾ ਸਾਲ ਚੰਗੇ ਪੱਠਿਆ (ਖੁਰਾਕੀ ਤੱਤਾ ਨਾਲ ਭਰਭੂਰ) ਦੀ ਤੋੜ ਨਾ ਆਵੇ ।ਦੂਸਰਾ ਤਰੀਕਾ ਇਹ ਹੈ ਕਿ ਜਦੋ ਪੱਠੇ ਜਿਆਦਾ ਹੋਣ ਜਾਂ ਸਾਰੇ ਪੱਠਿਆ ਨੂੰ ਅਨੁਕੂਲ ਸਥਿਤੀ ਤੇ ਇਕੋ ਵੇਰ ਕੱਟ ਕੇ ਅਚਾਰ ਬਣਾ ਕੇ ਸੰਭਾਲ ਲਿਆ ਜਾਵੇ।ਅਚਾਰ ਬਨਾਉਣਾ ਪੱਠਿਆ ਨੂੰ ਸੰਭਾਲਣ ਦਾ ਇਹ ਸੌਖਾ ਤੇ ਵਧੀਆ ਢੰਗ ਹੈ ਜੋ ਕਿ ਥੋੜੀ ਜਿਹੀ ਸੂਝ ਬੂਝ ਵਰਤ ਕੇ ਅਪਣਾਇਆ ਜਾ ਸਕਦਾ ਹੈ।ਇਹ ਅਚਾਰ ਪੱਠਿਆ ਨੂੰ 45 ਦਿਨਾਂ ਤੱਕ ਬਿਨ੍ਹਾਂ ਆਕਸੀਜਨ/ਹਵਾ ਤੋਂ ਰੱਖਣ ਤੇ ਖਮੀਰੀਕਰਣ ਪ੍ਰੀਕਿਰਿਆ ਰਾਹੀ ਤਿਆਰ ਹੁੰਦਾ ਹੈ।ਅਚਾਰ ਬਣਾਉਣ ਲਈ ਉਹ ਚਾਰਾ ਵਰਤਿਆ ਜਾਣਾ ਚਾਹਦਾ ਹੈ ਜੋ ਕਿ ਨਿਸ਼ਾਸਤੇ ਨਾਲ ਭਰਭੂਰ ਹੋਵੇ ਜਿਵੇਂ ਕਿ ਮੱਕੀ, ਬਾਜਰਾ, ਚਰੀ, ਜਵੀਂ ਆਦਿ।ਦੂਜਾ ਹਰੇਕ ਚਾਰੇ ਦੀ ਇਕ ਸਟੇਜ ਹੁੰਦੀ ਹੈ ਜਦੋ ਉਸ ਵਿਚ ਖੁਰਾਕੀ ਤੱਤ ਭਰਪੂਰ ਹੁੰਦੇ ਹਨ ਇਸ ਤੋਂ ਪਹਿਲਾ ਇਹਨਾ ਵਿਚ ਪਾਣੀ ਜ਼ਿਆਦਾ ਹੁੰਦਾ ਹੈ ਤੇ ਸੁੱਕਾ ਮਾਦਾ ਘੱਟ, ਇਸ ਤੋਂ ਬਾਅਦ ਚਾਰਾ ਪੱਕਣਾ ਸੁਰੂ ਹੋ ਜਾਦਾ ਹੈ ਜਿਸ ਨਾਲ ਇਸ ਦੇ ਹਜ਼ਮ ਹੋਣ ਦੀ ਦਰ ਘੱਟ ਜਾਦੀ ਹੈ ।

ਇਸ ਲਈ ਇਹ ਜਰੂਰੀ ਹੈ ਕਿ ਚਾਰਿਆਂ ਨੂੰ ਸਹੀ ਸਮੇਂ ਤੇ ਕੱਟਿਆ ਜਾਵੇ ਜਿਵੇ ਕਿ ਮੱਕੀ ਤੇ ਜਵੀਂ ਦੀ ਕਟਾਈ ਦੋਧੇ ਬਨਣ ਤੱਕ ਤੇ ਚਰੀ ਜਦੋਂ ਨਿਸਰਨ ਲੱਗੇ ਤਾਂ ਉਸਦੀ ਕਟਾਈ ਕਰਨੀ ਚਾਹੀਦੀ ਹੈ। ਅਚਾਰ ਬਨਾਉਣ ਤੋਂ ਪਹਿਲਾਂ ਕੱਟੇ ਹੋਏ ਚਾਰੇ ਨੂੰ 5-8 ਸੈਂਟੀਮੀਟਰ ਅਕਾਰ ਵਿੱਚ ਕੁਤਰ ਲੈਣਾ ਚਾਹੀਦਾ ਹੈ। ਇਸ ਤੋਂ ਇਲਾਵਾ ਇਹ ਵੀ ਜਰੂਰੀ ਬਨਾਉਣਾ ਚਾਹੀਦਾ ਹੈ ਕਿ ਅਚਾਰ ਬਨਾਉਣ ਵੇਲੇ ਚਾਰੇ ਵਿੱਚ ਸੁਕਾ ਮਾਦਾ 30-55% ਹੋਣਾ ਚਾਹੀਦਾ ਹੈ ਇਹ ਵੇਖਣ ਲਈ ਕੱਟੇ ਹੋਏ ਚਾਰੇ ਨੂੰ ਮੁੱਠੀ ਵਿੱਚ ਲੈ ਕੇ ਘੁੱਟੋ ਜੇ ਹੱਥ ਨੂੰ ਕੋਈ ਸਿੱਲ ਨਹੀਂ ਲੱਗਦੀ ਤਾਂ ਸਮਝੋਂ ਇਸ ਵਿੱਚ ਸੁੱਕਾ ਮਾਦਾ ਸਹੀ ਮਾਤਰਾ ਵਿੱਚ ਹੈ, ਨਹੀਂ ਤਾਂ ਉਸ ਨੂੰ ਇੱਕ ਦੋ ਦਿਨ ਸੁਕਾ ਲੈਣਾ ਚਾਹੀਦਾ ਹੈ।

## ਅਚਾਰ ਬਨਾਉਣ ਦਾ ਤਰੀਕਾ ?

ਅਚਾਰ ਬਣਾਉਣ ਵਾਲੀ ਜਗ੍ਹਾ ਜਿਸ ਨੂੰ ਸਾਈਲੋ ਪਿਟ (ਖਾਈ) ਕਿਹਾ ਜਾਦਾ ਹੈ ਇਹ ਜਮੀਨ ਦੇ ਵਿਚ ਵੀ ਹੋ ਸਕਦੀ

ਹੈ ਤੇ ਜਮੀਨ ਤੋਂ ਉੱਪਰ ਵੀ, ਇਹ ਜ਼ਮੀਨ ਹੇਠਲੇ ਪਾਣੀ ਦੇ ਪੱਧਰ ਤੇ ਨਿਰਭਰ ਕਰਦਾ ਹੈ ਜੇ ਜਮੀਨ ਹੇਠਾਂ ਪਾਣੀ ਦਾ ਪੱਧਰ ਨੀਵਾਂ ਹੈ ਤਾਂ ਸਾਈਲੋ ਖਾਈ ਰੂਪ ਵਿਚ ਬਣਾ ਸਕਦੇ ਹਾਂ , ਜੇ ਪਾਣੀ ਦਾ ਪੱਧਰ ਉੱਚਾ ਹੋਵੇ ਤਾ ਸਾਈਲੋ ਜਮੀਨ ਦੇ ਉੱਪਰ ਬਣਾਈ ਜਾਂਦੀ ਹੈ। ਇਸ ਲਈ ਸਾਨੂੰ ਕਿਸੇ ਉੱਚੀ ਜਗ੍ਹਾਂ ਦੇਖ ਕੇ ਤਿੰਨ ਪਾਸੇ ਮਜਬੂਤ ਕੰਧਾਂ ਕਰਨੀਆਂ ਪੈਦੀਆਂ ਹਨ। ਇੱਕ ਪਾਸਾ ਖੁੱਲਾ ਰੱਖ ਲੈਂਦੇ ਹਾ , ਅਚਾਰ ਭਰਣ ਤੇ ਕੱਢਣ ਲਈ। ਕੋਸ਼ਿਸ ਕਰੋ ਕਿ ਇਸ ਵਿੱਚ ਨੁਕਰਾਂ ਨਾ ਹੋਵਣ ਕਿਉਕਿ ਨੁਕਰਾਂ ਤੇ ਲਤੜਾਈ ਚੰਗੀ ਤਰ੍ਹਾਂ ਨਹੀ ਹੁੰਦੀ, ਜਿਸ ਨਾਲ ਹਵਾ ਅੰਦਰ ਰਹਿ ਜਾਂਦੀ ਹੈ ਜਿਸ ਨਾਲ ਅਚਾਰ ਖਰਾਬ ਹੋ ਸਕਦਾ ਹੈ। ਔਸਤਨ ਅਚਾਰ ਵਾਲੇ ਟੋਏ ਦੀ ਚੋੜਾਈ 2.5 ਮੀਟਰ, ਡੂੰਘਾਈ 2 ਮੀਟਰ ਤੇ ਲੰਬਾਈ ਪੱਠਿਆਂ ਦੀ ਮਾਤਰਾ ਤੇ ਨਿਰਭਰ ਕਰਦੀ ਹੈ ਇਕ ਘਣ ਮੀਟਰ ਵਿਚ 5-6 ਕੁੰਵਟਿਲ ਕੁਤਰੇ ਹੋਏ ਪੱਠੇ ਪੈ ਜਾਦੇ ਹਨ। ਇਨ੍ਹਾਂ 2.5 ਮੀਟਰ ਚੋੜਾਈ 2 ਮੀਟਰ ਡੂੰਘਾਈ ਤੇ 3 ਮੀਟਰ ਲੰਬਾਈ ਵਿਚ 75 ਕੁੰਵਟਿਲ ਪੱਠੇ ਪੈ ਜਾਦੇ ਹਨ ਜੋ ਕਿ 5 ਪਸ਼ੂਆ ਲਈ 25 ਕਿਲੋ ਪ੍ਰਤੀ ਪਸ਼ੁ ਦੇ ਹਿਸਾਬ ਨਾਲ 60 ਦਿਨਾਂ ਲਈ ਕਾਫੀ ਹੁੰਦੇ ਹਨ।

ਇਹਨਾਂ ਪੱਠਿਆ ਨੂੰ 5-8 ਸੈ.ਮੀ ਕੁਤਰਾ ਕਰ ਲਵੋ, ਇਹਨਾ ਪੱਠਿਆ ਨੂੰ ਸਾਈਲੋ ਪਿਟ ਜਾਂ ਖਾਈ ਵਿਚ ਭਰੋ ਹਰੇਕ 2-3 ਫੁੱਟ ਭਰਨ ਪਿਛੋ ਇਹਨਾਂ ਨੂੰ ਟਰੈਕਟਰ ਨਾਲ ਲ਼ਤਾੜੋ ਤਾਂ ਜੋ ਸਾਰੀ ਹਵਾ ਨਿਕਲ ਜਾਵੇ। ਇਸ ਤਰ੍ਹਾਂ ਕਰਦੇ ਹੋਏ ਟੋਏ ਨੂੰ ਜਮੀਨ ਤੋਂ 1.5 ਮੀਟਰ ਉੱਚਾਈ ਤੱਕ ਭਰ ਦਿਉ। ਚੰਗੀ ਤਰ੍ਹਾਂ ਟਰੈਕਟਰ ਨਾਲ ਹਵਾ ਕੱਢਣ ਪਿਛੋ ਤਰਪਾਲ ਦੀ ਇੱਕ ਚਾਦਰ ਨਾਲ ਇਸ ਨੂੰ ਢੱਕ ਦਿਉ ਤੇ ਫਿਰ ਮਿੱਟੀ ਦੀ ਇਕ ਤਹਿ ਵਿਛਾਉ । ਇਸ ਪਿਛੋ ਤੂੜੀ ਤੇ ਮਿੱਟੀ ਦੀ ਬਣੀ ਹੋਈ ਘਾਣੀ ਨਾਲ ਇਸ ਦਾ ਲੇਪ ਕਰ ਦਿਉ। ਧਿਆਨ ਰਹੇ ਕਿ ਕੋਈ ਵੀ ਮੋਰੀ, ਤਰੇੜ ਨਾਲ ਰਹੇ ਨਹੀ ਤਾ ਹਵਾ ਅੰਦਰ ਚਲੀ ਜਾਵੇਗੀ ਤੇ ਅਚਾਰ ਖਰਾਬ ਹੋ ਜਾਵੇਗਾ ਇਸ ਤਰ੍ਹਾਂ 45 ਦਿਨਾ ਤੱਕ ਢੱਕ ਕੇ ਰੱਖੋ। 45 ਦਿਨਾ ਬਾਅਦ ਅਚਾਰ ਤਿਆਰ ਹੋ ਜਾਵੇਗਾ। ਇਸ ਸਮੇਂ ਵਿਚ ਘੁਲਣਸ਼ੀਲ ਨਿਸ਼ਾਸਤਾ ਲੈਕਟੀਕ ਤੇਜ਼ਾਬ ਵਿਚ ਬਦਲ ਜਾਦਾ ਹੈ ਜੋ ਕਿ ਪੱਠਿਆ ਨੂੰ ਲੰਮੇ ਸਮੇਂ ਤੱਕ ਸੰਭਾਲੀ ਰੱਖਣ ਵਿਚ ਸਹਾਈ ਹੁੰਦਾ ਹੈ। ਅਚਾਰ ਲਈ 45 ਦਿਨਾਂ ਦਾ ਘੱਟੋ ਘੱਟ ਟਾਈਮ ਤਾ ਦੇਣਾ ਹੀ ਪਊਗਾ, ਉਸ ਤੋਂ ਵੱਧ ਜਿੰਨੀ ਦੇਰ ਮਰਜੀ ਰੱਖ ਸਕਦੇ ਹਾਂ ਬਸਰਤੇ ਕਿ ਕਿੱਤੋ ਵੀ ਹਵਾ ਅੰਦਰ ਨਹੀ ਜਾਣੀ ਚਾਹੀਦੀ। ਜੇ ਇਕ ਵਾਰ ਟੋਏ ਨੂੰ ਖੋਲ ਲਿਆ ਤਾਂ ਫਿਰ ਹਰ ਰੋਜ ਅਚਾਰ ਖੁਆਉਣਾ ਹੀ ਪਵੇਗਾ ਨਹੀ ਤਾਂ ਇਹ ਹਵਾ ਲੱਗਣ ਨਾਲ ਖਰਾਬ ਹੋ ਜਾਵੇਗਾ। ਅਚਾਰ ਵਾਲੇ ਟੋਏ ਨੂੰ ਸਾਰਾ ਨਹੀ ਖੋਲਣਾ ਚਾਹੀਦਾ,ਜਿਸ ਪਾਸੇ ਅਚਾਰ ਨੂੰ ਹਵਾ ਘੱਟ ਲੱਗੇ ਉਸ ਪਾਸੇ ਤੋਂ ਟੋਏ ਨੂੰ ਖੋਲੋ। ਲੋੜੀਂਦੀ ਮਾਤਰਾ ਵਿੱਚ ਅਚਾਰ ਕੱਢ ਕੇ ਇਸ ਨੂੰ ਵਾਪਸ ਢੱਕ ਦਿਉ। ਅਚਾਰ ਨੂੰ ਹਮੇਸ਼ਾ ਉੱਪਰ ਤੋਂ ਥੱਲੇ ਵੱਲ ਨੂੰ ਕੱਢਣਾ ਚਾਹੀਦਾ ਹੈ । ਵਧੀਆ ਬਣਿਆ ਹੋਇਆ ਅਚਾਰ ਤੇਜਾਬੀਪਣ ਵਾਲੀ ਸਾਈਡ(ਪੀ. ਐਚ. 3.8-4.2) ਨੂੰ ਹੋਵੇਗਾ ਤੇ ਰੰਗ ਹਰਾ ਪੀਲਾ ਹੋਵੇਗਾ, ਜੇ ਸਾਈਲੇਜ਼ ਨੂੰ ਹਵਾ ਲੱਗ ਗਈ ਹੋਵੇ ਤਾ ਇਸਦਾ ਭੂਰਾ ਜਾਂ ਕਾਲਾ ਹੋ ਜਾਵੇਗਾ ਵਧੀਆ ਬਣੇ ਹੋਏ ਅਚਾਰ ਵਿਚ ਇਕ ਖਾਸ ਕਿਸਮ ਦੀ ਖੁਸ਼ਬੋ ਹੁੰਦੀ ਹੈ ਜਦ ਕਿ ਸੜਿਆ ਹੋਇਆ ਅਚਾਰ ਬਦਬੂਦਾਰ ਹੁੰਦਾ ਹੈ। ਵਧੀਆ ਬਣੇ ਹੋਏ ਅਚਾਰ ਵਿਚ ਲੈਕਟਿਕ ਐਸਿਡ ਦੀ ਮਾਤਰਾ ਜ਼ਿਆਦਾ ਹੁੰਦੀ ਹੈ ਤੇ ਬਿਊਟੈਰਿਕ ਐਸਿਡ ਘੱਟ । ਪਹਿਲੀ ਵੇਰ ਖੁਆਉਣ ਵੇਲੇ ਹੋ ਸਕਦਾ ਹੈ ਕਿ ਪਸ਼ੂ ਅਚਾਰ ਨੂੰ ਪਸੰਦ ਨਾ ਕਰ ਸਕਣ ਇਸ ਲਈ ਅਚਾਰ ਨੂੰ ਹੋਲੀ ਹੋਲੀ ਸ਼ੁਰੂ ਕਰੋ 5-10 ਕਿਲੋ ਪ੍ਰਤੀ ਪਸ਼ੂ ਤੋ ਸ਼ੁਰੂ ਹੋ ਕੇ 25-30 ਕਿਲੋ ਪ੍ਰਤੀ ਸ਼ੁਰੂ ਖੁਆਇਆਜਾ ਸਕਦਾ ਹੈ । ਦੁੱਧ ਨੂੰ ਅਚਾਰ ਦੀ ਖੁਸ਼ਬੋ ਤੋਂ ਬਚਾਉਣ ਲਈ ਅਚਾਰ ਨੂੰ ਹਮੇਸ਼ਾ ਦੁੱਧ ਚੋਣ ਤੋਂ 5-6 ਘੰਟੇ ਪਹਿਲਾ ਜਾਂ ਦੁੱਧ ਚੋਣ ਤੋਂ ਬਾਅਦ ਪਾਉਣਾ ਚਾਹੀਦਾ ਹੈ । ਖਰਾਬ ਹੋਇਆ ਅਚਾਰ ਪਸ਼ੂਆ ਨੂੰ ਨਹੀ ਚਾਰਨਾਂ ਚਾਹੀਦਾ ਇਸ ਨਾਲ ਪਾਚਣ ਪ੍ਰਣਾਲੀ ਸਬੰਧੀ ਮੁਸ਼ਕਿਲਾਂ ਆ ਸਕਦੀਆ ਹਨ।












ਡਾ. ਜਸਵਿੰਦਰ ਸਿੰਘ

# ਕੁੱਤਿਆਂ ਬਾਰੇ ਕੁਝ ਰੋਚਕ ਜਾਣਕਾਰੀ

ਪਾਲਤੂ ਜਾਨਵਰਾਂ ਵਿੱਚੋਂ ਕੁੱਤੇ ਨੂੰ ਇੰਨਸਾਨ ਦੇ ਸਭ ਤੋਂ ਵਫ਼ਾਦਾਰ ਸਾਥੀ ਵਜੋਂ ਜਾਣਿਆ ਜਾਂਦਾ ਹੈ। ਮੌਜੂਦਾ ਦੌਰ ਵਿੱਚ ਕੁੱਤੇ ਸ਼ਾਇਦ ਮਨੁੱਖੀ ਜੀਵਨ ਦੀਆਂ ਲੋੜਾਂ ਅਨੁਸਾਰ ਸਭ ਤੋਂ ਵੱਧ ਕਿਰਦਾਰ ਨਿਭਾਉਣ ਵਾਲਾ ਜਾਨਵਰ ਹੈ। ਕੁੱਤਿਆਂ ਦੀ ਸੂਝ ਬੂਝ ਇਹਨਾਂ ਨੂੰ ਕਈ ਤਰ੍ਹਾਂ ਦੇ ਕੰਮ ਕਰਨ ਦੇ ਸਮਰੱਥ ਬਣਾਉਂਦੀ ਹੈ। ਸੁਰੱਖਿਆ ਬਲ, ਪੁਲਿਸ, ਫ਼ਾਇਰ ਬ੍ਰਿਗੇਡ ਅਤੇ ਜਾਂਚ ਏਜੰਸੀਆਂ ਲਈ ਇਹਨਾਂ ਦਾਂ ਖਾਸ ਮਹੱਤਵ ਹੈ। ਇਸ ਤੋਂ ਇਲਾਵਾ ਕੁੱਤਿਆਂ ਨੂੰ ਘਰ ਦੀ ਰਾਖੀ, ਪਸ਼ੂਆਂ ਦੇ ਵੱਗ ਦੀ ਰਾਖੀ, ਸਰੀਰਕ ਪੱਖੋਂ ਵਿਕਲਾਂਗ ਲੋਕਾਂ ਦੇ ਸਾਥੀਆਂ ਵਜੋਂ ਵੀ ਪਾਲਿਆ ਜਾਂਦਾ ਹੈ।

## ਆਓ ਜਾਣੀਏ ਕੁੱਤਿਆਂ ਬਾਰੇ ਕੁਝ ਰੋਚਕ ਤੱਥਾਂ ਬਾਰੇ:

1. ਕੁੱਤਿਆਂ ਦੇ ਨੱਕ ਗਿੱਲੇ ਕਿਉਂ ਰਹਿੰਦੇ ਹਨ?

ਇਹ ਮੰਨਿਆ ਜਾਂਦਾ ਹੈ ਕਿ ਕੁੱਤਿਆਂ ਦੇ ਨੱਕ ‘ਤੇ ਮਹੀਨ ਮਾਤਰਾ ਵਿੱਚ ਤਰਲ ਦੀ ਇੱਕ ਪਰਤ ਹਵਾ ਵਿੱਚੋਂ ਰਸਾਇਣਿਕ ਅੰਸ਼ਾਂ ਨੂੰ ਸਮਾਉਣ ਦਾ ਕੰਮ ਕਰਦੀ ਹੈ। ਕੁੱਤੇ ਆਪਣੀ ਜੀਭ ਨਾਲ ਇਸ ਤਰਲ ਨੂੰ ਚੱਟ ਕੇ ਇਸ ਵਿੱਚ ਸਮਾਏ ਰਸਾਇਣਿਕ ਅੰਸ਼ਾਂ ਤੋਂ ਗੰਧ ਦੀ ਪਹਿਚਾਣ ਕਰਦੇ ਹਨ।

2. ਮਸ਼ਹੂਰ ਬੈਂਡ ‘ਬੀਟਲਜ਼’ ਦੇ ਗਾਣੇ ‘ਅ ਡੇ ਇਨ ਦ ਲਾਈਫ਼’ ਦਾ ਕੁੱਤਿਆਂ ਨਾਲ ਕੀ ਸਬੰਧ ਹੈ?

ਦੁਨੀਆਂ ਦੇ ਮਸ਼ਹੂਰ ਸੰਗੀਤ ਬੈਂਡ ‘ਬੀਟਲਜ਼’ ਦੇ ਗਾਇਕ ਸਰ ਪਾਲ ਮਕਾਰਟਨੀ ਨੇ ਇੱਕ ਇੰਟਰਵਿਊ ਵਿੱਚ ਦੱਸਿਆ ਸੀ ਕਿ ਉਹਨਾਂ

ਦੇ ਬੈਂਡ ਦੇ ਗੀਤ 'ਅ ਡੇ ਇਨ ਦ ਲਾਈਫ਼' ਦੇ ਅਖੀਰ ਵਿੱਚ ਇੱਕ ਅਜਿਹੀ ਅਵਾਜ਼ ਹੈ ਜਿਸ ਨੂੰ ਕਿ ਸਿਰਫ਼ ਕੁੱਤੇ ਸੁਣ ਸਕਦੇ ਹਨ।

3. ਟਾਈਟੈਨਿਕ ਜਹਾਜ਼ ਦੇ ਡੁੱਬਣ ਵੇਲੇ ਕੋਈ ਜਾਨਵਰ ਵੀ ਬਚਾਏ ਗਏ ਸਨ?

ਟਾਈਟੈਨਿਕ ਜਹਾਜ਼ ਵਿੱਚ ਸਫ਼ਰ ਕਰ ਰਹੇ ਕਈ ਯਾਤਰੀ ਆਪਣੇ ਨਾਲ ਕੁੱਤੇ ਵੀ ਲੈ ਕੇ ਆਏ ਸਨ। ਜਦ ਜਹਾਜ਼ ਡੁੱਬਣ ਲੱਗਿਆ ਤਾਂ ਇਹਨਾਂ ਵਿੱਚੋਂ ਕੁਝ ਯਾਤਰੀ ਆਪਣੇ ਨਾਲ ਆਪਣੇ ਕੁੱਤਿਆਂ ਨੂੰ ਬਚਾਉਣ ਵਿੱਚ ਸਫ਼ਲ ਰਹੇ। ਇਹਨਾਂ ਵਿੱਚੋਂ ਤਿੰਨ ਕੁੱਤਿਆਂ ਬਾਰੇ ਜਾਣਕਾਰੀ ਮੌਜੂਦ ਹੈ। ਇਹਨਾਂ ਵਿੱਚੋਂ ਦੋ ਪੌਮਰੇਨੀਅਨ ਅਤੇ ਇੱਕ ਪੀਕਿੰਗੀਜ਼ ਨਸਲ ਦਾ ਸੀ।

4. ਕੀ ਕੁੱਤਿਆਂ ਨੂੰ ਅਦਾਲਤ ਵਿੱਚ ਗਵਾਹੀ ਲਈ ਸੱਦਿਆ ਜਾ ਸਕਦਾ ਹੈ?

ਹਾਲਾਂਕਿ ਕੁੱਤਿਆਂ ਨੂੰ ਅਦਾਲਤ ਵਿੱਚ ਗਵਾਹ ਦੇ ਤੌਰ 'ਤੇ ਪੇਸ਼ ਨਹੀਂ ਕੀਤਾ ਜਾ ਸਕਦਾ ਪਰ ਗਿਨੀਜ਼ ਵਰਲਡ ਰਿਕਾਰਡਜ਼ ਵਿੱਚ ਇਹ ਦਰਜ ਹੈ ਕਿ ਬਲੱਡ ਹਾਊਂਡ ਅਜਿਹੇ ਪਹਿਲੇ ਕੁੱਤੇ ਹਨ ਜਿਹਨਾਂ ਦੀ ਗੰਧ ਦੀ ਪਹਿਚਾਣ ਕਰਨ ਦੀ ਸਮਰੱਥਾ ਨੂੰ ਕੁਝ ਸ਼ਰਤਾਂ ਦੇ ਅਧਾਰ 'ਤੇ ਚੋਣਵੀਆਂ ਅਦਾਲਤਾਂ ਵਿੱਚ ਸਬੂਤ ਵਜੋਂ ਪੇਸ਼ ਕੀਤਾ ਜਾ ਸਕਦਾ ਹੈ।

5. ਦੁਨੀਆਂ ਵਿੱਚ ਸਭ ਤੋਂ ਵੱਡੇ ਕੱਦ ਦਾ ਕੁੱਤਾ ਕਿਹੜਾ ਹੈ?

ਦੁਨੀਆਂ ਦੇ ਸਭ ਤੋਂ ਉੱਚੇ ਕੱਦ ਦੇ ਕੁੱਤੇ ਦਾ ਨਾਮ ਜ਼ਿਊਸ ਸੀ। ਇਹ ਕੁੱਤਾ ਗ੍ਰੇਟ ਡੇਨ ਨਸਲ ਦਾ ਸੀ ਜਿਸ ਦਾ ਕੱਦ 44 ਇੰਚ ਸੀ। ਜਦ ਇਹ ਕੁੱਤਾ ਆਪਣੀਆਂ ਪਿਛਲੀਆਂ ਲੱਤਾਂ ਦੇ ਭਾਰ 'ਤੇ ਖੜਹਾ ਹੁੰਦਾ ਸੀ ਤਾਂ ਤਕਰੀਬਨ 7 ਫੁੱਟ ਤੱਕ ਪਹੁੰਚ ਜਾਂਦਾ ਸੀ।

6. ਕੀ ਅਜਿਹੇ ਕੋਈ ਕੁੱਤੇ ਹਨ ਜੋ ਭੌਂਕਦੇ ਨਹੀਂ?

ਬਸੇਂਜੀ ਨਸਲ ਦੇ ਕੁੱਤੇ ਆਮ ਤੌਰ 'ਤੇ ਭੌਂਕਣ ਦੀ ਅਵਾਜ਼ ਨਹੀਂ ਕੱਢਦੇ। ਇਹਨਾਂ ਦੀ ਅਵਾਜ਼ ਨੂੰ ਅੰਗ੍ਰੇਜ਼ੀ ਵਿੱਚ ਯੋਡਲ ਕਹਿੰਦੇ ਹਨ। ਇਹ ਅਵਾਜ਼ ਇੱਕ ਕੂਕ ਦੇ ਸਮਾਨ ਹੁੰਦੀ ਹੈ।

7. ਦੁਨੀਆਂ ਵਿੱਚ ਕੁੱਤਿਆਂ ਦੀ ਸਭ ਤੋਂ ਪੁਰਾਣੀ ਨਸਲ ਕਿਹੜੀ ਹੈ?

ਦੁਨੀਆਂ ਵਿੱਚ 'ਸਲੂਕੀ' ਨਸਲ ਨੂੰ ਕੁੱਤਿਆਂ ਦੀ ਸਭ ਤੋਂ ਪੁਰਾਣੀ ਨਸਲ ਵਜੋਂ ਜਾਣਿਆ ਜਾਂਦਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਹ ਨਸਲ 329 ਈਸਾ ਪੂਰਵ ਦੇ ਕਰੀਬ ਹੋਂਦ ਵਿੱਚ ਆਈ ਸੀ। ਪੁਰਾਤਨ ਮਿਸਰ ਦੇ ਸ਼ਾਸਕ ਵਿੱਚ ਇਸ ਨਸਲ ਨੂੰ ਪਾਲਦੇ ਸਨ।

8. ਕੁੱਤਿਆਂ ਦੀ ਪਹਿਚਾਣ ਲਈ ਸਭ ਤੋਂ ਸਟੀਕ ਚਿੰਨ੍ਹ ਕਿਹੜੇ ਹਨ?

ਕੁੱਤਿਆਂ ਦੇ ਨੱਕ ਦੀ ਚਮੜੀ 'ਤੇ ਮਹੀਨ ਦਾਣਿਆਂ ਦੇ ਅਕਾਰ ਵਰਗੇ ਉਭਾਰ ਹੁੰਦੇ ਹਨ। ਹਰੇਕ ਕੁੱਤੇ ਵਿੱਚ ਇਹਨਾਂ ਦਾਣਿਆਂ ਦੀ ਰਚਨਾ ਅਲੱਗ ਹੁੰਦੀ ਹੈ। ਜਿਸ ਤਰ੍ਹਾਂ ਮਨੁੱਖ ਦੇ ਅੰਗੂਠੇ ਦੀ ਛਾਪ ਅਲੱਗ ਹੁੰਦੀ ਹੈ, ਉਸੇ ਤਰ੍ਹਾਂ ਹਰ ਕੁੱਤੇ ਦੇ ਨੱਕ ਦੀ ਛਾਪ ਅਲੱਗ ਹੁੰਦੀ ਹੈ।

9. ਸਭ ਤੋਂ ਸਫ਼ਲ ਸ਼ਿਕਾਰੀ ਨਸਲ।

ਐਫ਼ਰੀਕਨ ਹੰਟਿੰਗ ਡੌਗ ਨਸਲ ਦੇ ਕੁੱਤੇ ਸਭ ਤੋਂ ਸਫ਼ਲ ਸ਼ਿਕਾਰੀ ਨਸਲ ਦੇ ਕੁੱਤੇ ਮੰਨੇ ਜਾਂਦੇ ਹਨ। ਇਹ ਤਕਰੀਬਨ 50% ਮਾਮਲਿਆਂ ਵਿੱਚ ਸਫ਼ਲ ਸ਼ਿਕਾਰ ਕਰਨ ਵਿੱਚ ਕਾਮਯਾਬ ਹੁੰਦੇ ਹਨ ਜਿਸ ਕਾਰਨ ਇਹ ਨਸਲ ਗਿਨੀਜ਼ ਬੁੱਕ ਆਫ਼ ਵਰਲਡ ਰਿਕਾਰਡਜ਼ ਵਿੱਚ ਸ਼ਾਮਿਲ ਹੈ।

10. ਕਾਲੀ ਜ਼ੁਬਾਨ ਵਾਲੇ ਕੁੱਤੇ।

'ਸ਼ਾਰ ਪੀ' ਅਤੇ 'ਚਾਓ ਚਾਓ' ਨਸਲ ਦੇ ਕੁੱਤਿਆਂ ਦੀ ਜੀਭ ਦਾ ਰੰਗ ਕਾਲਾ ਹੁੰਦਾ ਹੈ। ਇਹ ਰੰਗ ਸਿਰਫ਼ ਇਹਨਾਂ ਦੋ ਨਸਲਾਂ ਵਿੱਚ ਪਾਇਆ ਜਾਂਦਾ ਹੈ।

**ਡਾ: ਅਰੁਣਬੀਰ ਸਿੰਘ**